BRAMPTON Service and Information Update

# ਸਿਟੀ ਆਫ ਬ੍ਰੈਂਪਟਨ ਨੇ ਆਪਣੇ ਬ੍ਰੈਂਪਟਨ ਕੋਵਿਡ-19 ਲਾਜ਼ਮੀ ਚਿਹਰਾ ਢਕਣਾ ਬਾਇ-ਲਾਅ ਨੂੰ ਅੱਗੇ ਵਧਾਇਆ

ਬ੍ਰੈਂਪਟਨ, ਓਨਟੈਰੀਓ (1 ਅਕਤੂਬਰ, 2021) – ਪੀਲ ਪਬਲਿਕ ਹੈਲਥ (Peel Public Health) ਦੀ ਸਲਾਹ ਤੋਂ ਬਾਅਦ, ਸਿਟੀ ਆਫ ਬ੍ਰੈਂਪਟਨ ਨੇ ਆਪਣੇ ਬ੍ਰੈਂਪਟਨ ਕੋਵਿਡ-19 ਲਾਜ਼ਮੀ ਚਿਹਰਾ ਢਕਣਾ ਬਾਇ-ਲਾਅ (Brampton COVID-19 Mandatory Face Mask By-law) ਨੂੰ 1 ਅਪ੍ਰੈਲ, 2022 ਤੱਕ ਅੱਗੇ ਵਧਾ ਦਿੱਤਾ ਹੈ।

ਕੋਵਿਡ-19 ਲਾਜ਼ਮੀ ਚਿਹਰਾ ਢਕਣਾ ਬਾਇ-ਲਾਅ ਹੇਠ, ਬ੍ਰੈਂਪਟਨ ਵਿੱਚ ਸਾਰੀਆਂ ਇਨਡੋਰ ਪਬਲਿਕ ਥਾਵਾਂ ਵਿਖੇ ਗੈਰ-ਮੈਡੀਕਲ ਮਾਸਕ (ਕੱਪੜੇ ਦੇ ਬਣੇ ਸਧਾਰਨ ਮਾਸਕ) ਪਹਿਨਣਾ ਜ਼ਰੂਰੀ ਹੈ। ਸਕਾਰਫ, ਬੰਦਨਸ, ਨੈੱਕ ਗੇਟਰਸ ਜਾਂ ਨੈੱਕ ਵਾਰਮਰਸ ਅਤੇ ਐਕਸਲੇਸ਼ਨ ਵਾਲਵਸ ਵਾਲੇ ਮਾਸਕ, ਚਿਹਰਾ ਢਕਣ ਦੇ ਸਵੀਕਾਰਯੋਗ ਰੂਪ ਨਹੀਂ ਹਨ। ਇਸਤੋਂ ਇਲਾਵਾ ਬਾਇ-ਲਾਅ ਹੇਠ, ਮਾਸਕਾਂ ਨੂੰ ਖਾਣ-ਪੀਣ ਵਾਸਤੇ ਸਿਰਫ਼ ਤਦ ਹੀ ਹਟਾਇਆ ਜਾ ਸਕਦਾ ਹੈ, ਜੇਕਰ ਕੋਈ ਵਿਅਕਤੀ ਉਸ ਉਦੇਸ਼ ਲਈ ਨਿਯਤ ਖੇਤਰ ਵਿੱਚ ਬੈਠਾ ਹੋਵੇ।

ਸਿਟੀ, ਵਾਇਰਸ ਨੂੰ ਫੈਲਣ ਤੋਂ ਰੋਕਣ ਵਾਸਤੇ ਮਦਦ ਕਰਨ ਲਈ, ਸਰੀਰਕ ਦੂਰੀ ਰੱਖਣ, ਚੰਗੀ ਤਰ੍ਹਾਂ ਸਫਾਈ ਰੱਖਣ ਅਤੇ ਮਾਸਕ ਪਹਿਨਣ ਜਿਹੇ ਉਪਾਵਾਂ ਨੂੰ ਅਪਨਾਉਣਾ ਜਾਰੀ ਰੱਖਣ ਲਈ ਨਿਵਾਸੀਆਂ ਦਾ ਧੰਨਵਾਦ ਕਰਦੀ ਹੈ।

ਗੈਰ-ਮੈਡੀਕਲ ਮਾਸਕਾਂ ਦੀ ਅਤੇ ਹੋਰ ਨਿੱਜੀ ਸੁਰੱਖਿਆਤਮਕ ਉਪਕਰਨ (ਪੀ.ਪੀ.ਈ.) (Personal Protective Equipment) (PPE) ਦੀ ਸਹੀ ਵਰਤੋਂ ਬਾਰੇ ਹੋਰ ਜਾਣਨ ਲਈ, www.peelregion.ca ਤੇ ਜਾਓ।

ਵਾਧੂ ਜਾਣਕਾਰੀ ਅਤੇ ਕਾਰੋਬਾਰੀਆਂ ਅਤੇ ਫੈਸਿਲਿਟੀ ਸੰਚਾਲਕਾਂ ਲਈ ਵਸੀਲੇ, www.brampton.ca/masks ਤੇ ਉਪਲਬਧ ਹਨ।

ਕੋਵਿਡ-19 ਨੂੰ ਫੈਲਣ ਤੋਂ ਰੋਕਣ ਲਈ, ਸਿਟੀ ਆਫ ਬ੍ਰੈਂਪਟਨ ਦੇ ਯਤਨਾਂ ਬਾਰੇ ਤਾਜ਼ਾ ਜਾਣਕਾਰੀ ਲਈ, www.brampton.ca/covid19 ਤੇ ਜਾਓ।

-30-

**ਮੀਡੀਆ ਸੰਪਰਕ**
ਪ੍ਰਭਜੋਤ ਕੈਂਥ (Prabhjot Kainth)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Prabhjot.Kainth@brampton.ca